2026115561
15/9/2026
ਚੀ-1

# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ

## ਸਮੱਗਰਾ ਸਿੱਖਿਆ ਅਭਿਆਨ (ਪੰਜਾਬ)

**ਪੰਜਵੀਂ ਮੰਜ਼ਿਲ, ਈ-ਬਲਾਕ, ਸਿੱਖਿਆ ਭਵਨ, ਫੇਜ਼-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ (160062)**

**ਵੈਬਸਾਇਟ** www.ssapunjab.org, **ਈ-ਮੇਲ:** iedpunjabssa@gmail.com, **ਫੋਨ ਨੰ. 0172-5212613, 5212324**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.)

ਪੰਜਾਬ।

ਮੀਮੋ ਨੰ.ਆਈ.ਈ.ਡੀ./ਸਸਅ/2026/253337 ਮਿਤੀ : 15-09-2026

**ਵਿਸ਼ਾ :- PRASHAST APP 2.0 ਅਧੀਨ ਸਕੂਲਾਂ ਦੇ ਵਿਦਿਆਰਥੀਆਂ ਦਾ ਡਾਟਾ ਤਸ਼ਦੀਕ ਕਰਨ ਸਬੰਧੀ।**

1. ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਭਾਰਤ ਸਰਕਾਰ ਵੱਲੋਂ ਤਿਆਰ PRASHAST App 2.0 ਅਧੀਨ 3-18 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਦੀ ਸਕ੍ਰੀਨਿੰਗ ਕੀਤੀ ਜਾਣੀ ਹੈ, ਤਾਂ ਜੋ Rights of Persons with Disabilities RPwD) Act, 2016 ਦੇ ਅਨੁਸਾਰ ਦਿਵਿਆਂਗਤਾਵਾਂ ਦੀ ਸ਼ੁਰੂਆਰਤੀ ਪਛਾਣ ਕੀਤੀ ਜਾ ਸਕੇ।

2. ਉਕਤ ਮੰਤਵ ਨੂੰ ਪੂਰਾ ਕਰਨ ਹਿੱਤ 13 ਸਤੰਬਰ 2026 ਤੋਂ ਪ੍ਰਿੰਸੀਪਲਾਂ/ ਹੈੱਡਮਾਸਟਰਾਂ/ ਸਕੂਲ ਮੁੱਖੀਆਂ ਲਈ PRASHAST App ਪਲੇਟਫਾਰਮ 'ਤੇ ਸਬੰਧਤ ਸਕੂਲਾਂ ਦੇ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਵੇਰਵਿਆਂ ਦੀ ਜਾਂਚ ਅਤੇ ਤਸ਼ਦੀਕ (Verification & Authentication) ਕਰਨ ਲਈ ਲੋਗਇਨ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ।

3. ਬੱਚਿਆਂ ਦੀ ਭਾਗ-1 ਦੀ screening 1 ਅਕਤੂਬਰ 2026 ਤੋਂ ਸ਼ੁਰੂ ਕੀਤੀ ਜਾਣੀ ਹੈ, ਇਸ ਲਈ ਮਿਤੀ 17-09-2026 ਤੋਂ ਪਹਿਲਾਂ PRASHAST ਪਲੇਟਫਾਰਮ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਡਾਟਾ ਪੂਰੀ ਤਰ੍ਹਾਂ ਅਪਡੇਟ ਕਰ ਲਿਆ ਜਾਵੇ।

4. PRASHAST App ਤੇ ਉਪਲਬਧ ਸਕੂਲ ਡਾਟੇ ਵਿੱਚ ਜੇਕਰ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ APP ਤੇ ਉਪਲਬਧ ਸਹਾਇਤਾ ਕੇਂਦਰ ਨਾਲ ਰਾਬਤਾ ਕਾਇਮ ਕਰ ਕੇ ਡਾਟਾ ਦਰੁਸਤ ਕਰਵਾ ਲਿਆ ਜਾਵੇ।

5. ਪ੍ਰਿੰਸੀਪਲਾਂ/ ਹੈੱਡਮਾਸਟਰਾਂ/ ਸਕੂਲ ਮੁੱਖੀਆਂ ਪਲੇਟਫਾਰਮ ਤੇ ਉਪਲਬਧ ਡਾਟੇ ਦੀ ਧਿਆਨ ਨਾਲ ਜਾਂਚ ਕਰਕੇ ਉਸ ਨੂੰ ਤਸ਼ਦੀਕ ਕਰਨਗੇ, ਜੇਕਰ ਡਾਟਾ ਸਹੀ ਅਤੇ ਪੂਰਾ ਪਾਇਆ ਜਾਂਦਾ ਹੈ ਤਾਂ ਸਬੰਧਤ ਅਧਿਆਪਕਾਂ ਨੂੰ Part-1 screening ਕਰਨ ਲਈ ਜਮਾਤਾਂ ਅਸਾਈਨ ਕੀਤੀਆਂ ਜਾ ਸਕਦੀਆਂ ਹਨ।

6. ਪ੍ਰਿੰਸੀਪਲਾਂ/ ਹੈੱਡਮਾਸਟਰਾਂ/ ਸਕੂਲ ਮੁੱਖੀਆਂ ਨੂੰ PRASHAST App ਪਲੇਟਫਾਰਮ 'ਤੇ Login ਕਰਨ ਵਿੱਚ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਸਬੰਧਤ ਜ਼ਿਲ੍ਹਾ ਨੋਡਲ ਅਫਸਰ (PRASHAST) ਨਾਲ ਸੰਪਰਕ ਕਰ ਸਕਦੇ ਹਨ।

7. ਸਾਰੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਸਮਾਂ-ਸੀਮਾਵਾਂ ਦੀ ਪਾਲਣਾ ਕਰਦੇ ਹੋਏ ਸਾਰੀਆਂ ਲੋੜੀਂਦੀਆਂ ਗਤੀਵਿਧੀਆਂ ਨੂੰ ਸਮੇਂ ਸਿਰ ਪੂਰਾ ਕਰਨ, ਤਾਂ ਜੋ PRASHAST Part-1 screening ਦੀ ਸੁਚਾਰੂ ਅਤੇ ਪ੍ਰਭਾਵਸ਼ਾਲੀ ਸ਼ੁਰੂਆਤ ਯਕੀਨੀ ਬਣਾਏ ਜਾ ਸਕੇ।

ਗੁਰਮੀਤ 15.09.2026

**ਸਹਾਇਕ ਡਾਇਰੈਕਟਰ (ਆਈ.ਈ.ਡੀ.)**

**ਸਮੱਗਰ ਸਿੱਖਿਆ ਅਭਿਆਨ ਅਥਾਰਟੀ, ਪੰਜਾਬ।**

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 5035 ਮਿਤੀ: 16-09-26

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ । 16/09/26

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ